[This question paper contains 2 printed pages.]

Your Roll No...............

C

**Sr. No. of Question Paper : 3283**

Unique Paper Code : 62121101

Name of the Paper : Modern Punjabi Story, Sufi Poetry & Functional Punjabi

Name of the Course : **B.A (Prog.)**

Semester : I

Duration : 3 Hours

Maximum Marks : 75

**Instructions for Candidates**

1. Write your Roll No. on the top immediately on receipt of this question paper.
   Note: **All** questions are compulsory.

   ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

**ਭਾਗ – ੳ**

1. ਪੰਜਾਬੀ ਕਹਾਣੀ ਦੇ ਨਿਕਾਸ ਤੇ ਵਿਕਾਸ ਬਾਰੇ ਵਿਸਥਾਰ ਨਾਲ ਲਿਖੋ। (15)

ਜਾਂ

ਬਲਵਿੰਦਰ ਸਿੰਘ ਬਰਾੜ ਦੇ ਕਹਾਣੀ ਸੰਗ੍ਰਹਿ 'ਝੂਠ ਦੇ ਆਰ ਪਾਰ' ਵਿੱਚੋਂ ਤੁਹਾਨੂੰ ਸਭ ਤੋਂ ਵੱਧ ਕਿਸ ਕਹਾਣੀ ਨੇ ਪ੍ਰਭਾਵਿਤ ਕੀਤਾ ਤੇ ਕਿਉਂ ? ਵਿਸ਼ੇ ਦੇ ਆਧਾਰ 'ਤੇ ਸਪਸ਼ਟ ਕਰੋ।

2. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਸੰਖੇਪ ਉੱਤਰ ਦਿਓ :- (5×2=10)

   ੳ) 'ਠੂੰਹਾਂ' ਕਹਾਣੀ ਦੇ ਮੁੱਖ ਪਾਤਰ ਨਾਲ ਜਾਣ ਪਛਾਣ ਕਰਾਓ।

   ਅ) 'ਪੁਰਾਣਾ ਸਾਲ ਨਵਾਂ ਸਾਲ' ਤੋਂ ਕੀ ਭਾਵ ਹੈ? ਕਹਾਣੀ ਦੇ ਅਧਾਰ ਤੇ ਲਿਖੋ।

   ੲ) 'ਭੂਚਾਲ' ਕਹਾਣੀ ਸਮਾਜ ਦੇ ਕਿਸ ਵਰਗ ਉਪਰ ਤਿੱਖਾ ਵਿਅੰਗ ਕਰਦੀ ਹੈ ਅਤੇ ਕਿਉਂ ?

**ਭਾਗ – ਅ**

3. ਪੰਜਾਬੀ ਸੂਫ਼ੀ ਕਵਿਤਾ ਦੇ ਇਤਿਹਾਸ ਬਾਰੇ ਸੰਖੇਪ ਜਾਣਕਾਰੀ ਦਿਓ। (15)

ਜਾਂ

'ਪੰਜਾਬੀ ਸੂਫ਼ੀ ਕਾਵਿ ਸੁਰਾਂ' ਪਾਠ ਪੁਸਤਕ ਵਿੱਚੋਂ ਕਿਸੇ ਵੀ ਦੋ ਕਵੀਆਂ ਦੀ ਕਾਵਿ - ਕਲਾ ਉਪਰ ਵਿਸਥਾਰ ਪੂਰਵਕ ਚਰਚਾ ਕਰੋ।

4. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਸੰਖੇਪ ਉਤਰ ਦਿਓ। (5+5 =10)

   ੳ) 'ਬਾਬਾ ਫ਼ਰੀਦ' ਜਾਂ 'ਸ਼ਾਹ ਹੁਸੈਨ' ਵਿੱਚੋਂ ਕਿਸੇ ਇਕ ਕਵੀ ਦੇ ਜੀਵਨ ਅਤੇ ਰਚਨਾ ਬਾਰੇ ਸੰਖੇਪ ਜਾਣਕਾਰੀ ਦਿਓ।

   ਅ) ਬੁੱਲ੍ਹੇ ਸ਼ਾਹ ਦੀ ਸੂਫ਼ੀ- ਵਿਚਾਰਧਾਰਾ ਉਪਰ ਰੋਸ਼ਨੀ ਪਾਓ।

ਏ) ਹੇਠ ਦਿੱਤੇ ਕਾਵਿ- ਬੰਦਾਂ ਵਿੱਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ।

ਫਰੀਦਾ ਅਖੀ ਦੇਖਿ ਪਤੀਣੀਆਂ , ਸੁਣਿ ਸੁਣਿ ਰੀਣੇ ਕੰਨ।।
ਸਾਖ ਪਕੰਦੀ ਆਈਆ, ਹੋਰ ਕਰੇਂਦੀ ਵੰਨ।।

ਜਾਂ

ਸੱਜਣ ਬਿਨ ਰਾਤੀਂ ਹੋਈ ਵੱਡੀਆਂ।
ਸ਼ਾਮ ਝੜੇ ਝੜ ਪਿੰਜਰ ਹੋਇਆ ,
ਕੜ ਕੜ ਹੋਈਆਂ ਹੱਡੀਆਂ।
ਇਸ਼ਕ ਛੁਪਾਇਆਂ ਛੁਪਦਾ ਨਾਹੀਂ,
ਬਿਰਹੋਂ ਤਣਾਵਾਂ ਗੱਡੀਆਂ।

## ਭਾਗ - ੲ

5. ਹੇਠ ਲਿਖੇ ਛੰਦਾਂ ਵਿੱਚੋਂ ਕਿਸੇ ਦੇ ਬਾਰੇ ਉਦਾਹਰਣ ਸਹਿਤ ਲਿਖੋ। (10)

ਦੋਹਿਰਾ, ਸਿਰਖੰਡੀ, ਕਬਿਤ, ਦਵੱਈਆ

6. ੳ) ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ ਉੱਪਰ ਪੈਰ੍ਹਾ ਰਚਨਾ ਲਿਖੋ। (10)

i) ਧਰਮ ਅਤੇ ਰਾਜਨੀਤੀ
ii) ਹੋਸ਼ਾਂ ਨਾਲੋਂ ਮਸਤੀ ਚੰਗੀ
iii) ਜੇ ਮੈਂ ਪ੍ਰਧਾਨ ਮੰਤਰੀ ਹੁੰਦੀ

ਅ) ਹੇਠ ਦਿੱਤੇ ਅਖਾਣਾਂ ਵਿੱਚੋਂ ਕਿਸੇ ਪੰਜ ਦੇ ਅਰਥ ਲਿਖੋ। (5)

i) ਹਾਥੀ ਦੇ ਦੰਦ ਖਾਣ ਦੇ ਹੋਰ, ਵਿਖਾਉਣ ਦੇ ਹੋਰ
ii) ਉੱਚੀ ਦੁਕਾਨ ਫਿਕਾ ਪਕਵਾਨ
iii) ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ
iv) ਆਪ ਭਲਾ ਜਗ ਭਲਾ
v) ਕੋਲਿਆਂ ਦੀ ਦਲਾਲੀ ਵਿੱਚ ਮੂੰਹ ਕਾਲਾ
vi) ਵੇਲੇ ਦੀ ਨਮਾਜ਼, ਕੁਵੇਲੇ ਦੀਆਂ ਟੱਕਰਾਂ